# ਜਮਾਤ-11ਵੀਂ
# ਪੰਜਾਬੀ ਚੋਣਵੀਂ

ਸਮਾਂ: 3 ਘੰਟੇ

ਲਿਖਤੀ ਪੇਪਰ= 80 ਅੰਕ
ਆਂਤਰਿਕ ਮੁਲਾਂਕਣ= 20 ਅੰਕ
ਕੁੱਲ ਅੰਕ= 100 ਅੰਕ

# ਪਾਠ-ਕ੍ਰਮ ਅਤੇ ਅੰਕ-ਵੰਡ

| ਲੜੀ ਨੰ. | ਪਾਠ-ਕ੍ਰਮ | ਅੰਕ |
|---|---|---|
| 1. | **ਸੁੰਦਰ ਲਿਖਾਈ** | 05 |
| 2. | **ਪੰਜਾਬੀ-ਕਾਵਿ:- ਆਧੁਨਿਕ-ਕਾਵਿ** | 27 |
| 3. | **ਪੰਜਾਬੀ ਵਾਰਤਕ :- ਸਫ਼ਰਨਾਮਾ-ਅੰਸ਼** | 17 |
| 4. | **ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿਪੀ** | 14 |
| 5. | **ਪੰਜਾਬੀ ਦੀਆਂ ਉਪਭਾਸ਼ਾਵਾਂ ਦੀ ਸ਼ਬਦਾਵਲੀ** | 17 |
| | ਕੁੱਲ ਅੰਕ | 80 |

# ਪ੍ਰਸ਼ਨ-ਪੱਤਰ ਦੀ ਰੂਪ-ਰੇਖਾ

ਸਮਾਂ: 3 ਘੰਟੇ

ਕੁੱਲ ਅੰਕ (ਲਿਖਤੀ) =80

ਨੋਟ: **5 ਅੰਕ ਸੁੰਦਰ ਲਿਖਾਈ** ਲਈ ਨਿਰਧਾਰਿਤ ਕੀਤੇ ਗਏ ਹਨ।ਇਹ ਅੰਕ ਇਸ ਪ੍ਰਸ਼ਨ-ਪੱਤਰ ਦੇ ਕੁੱਲ ਅੰਕਾਂ-80 ਵਿੱਚ ਹੀ ਰਾਖਵੇਂ ਹਨ।ਸੁੰਦਰ ਲਿਖਾਈ ਵਿੱਚ ਅੱਖਰਾਂ ਤੇ ਸ਼ਬਦਾਂ ਦਾ ਸਹੀ ਆਕਾਰ, ਸਪਸ਼ਟਤਾ, ਨਿਸ਼ਚਿਤ ਦੂਰੀ,ਲਿਖਣ 'ਚ ਇਕਸਾਰਤਾ,ਪ੍ਰਵਾਹਯੁਕਤ ਲੇਖਨ , ਸ਼ਬਦ-ਜੋੜ ਸ਼ੁੱਧਤਾ,ਸੁੰਦਰ ਸ਼ਬਦ-ਬਣਤਰ,ਵਿਸਰਾਮ-ਚਿੰਨ੍ਹਾਂ ਦੀ ਸਹੀ ਵਰਤੋਂ ਅਤੇ ਲਿਖਾਈ ਦੇ ਸਮੁੱਚੇ ਖ਼ੂਬਸੂਰਤ ਪ੍ਰਭਾਵ ਦੇ ਆਧਾਰ 'ਤੇ ਪਰੀਖਿਅਕ ਸੰਬੰਧਿਤ ਪਰੀਖਿਆਰਥੀ ਦੀ ਲਿਖਾਈ ਦਾ ਮੁਲਾਂਕਣ ਕਰੇਗਾ।

(1) ਪ੍ਰਸ਼ਨ-ਪੱਤਰ ਦੇ ਕੁੱਲ 8 ਪ੍ਰਸ਼ਨ ਹੋਣਗੇ।

(2) ਸਾਰੇ ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹੋਣਗੇ।

# ਵਿਸ਼ੇਸ਼ ਹਿਦਾਇਤਾਂ

ਪਰੀਖਿਆ ਪੱਖੋਂ

ਅਧਿਆਪਕਾਂ,ਵਿਦਿਆਰਥੀਆਂ,ਪੇਪਰ-ਸੈਂਟਰਾਂ ਅਤੇ ਪਰੀਖਿਅਕਾਂ ਲਈ ਵਿਸ਼ੇਸ਼ ਹਿਦਾਇਤਾਂ

ਪ੍ਰਸ਼ਨ ਨੰ:1 **ਸਮੁੱਚੇ ਪਾਠ-ਕ੍ਰਮ ਦੇ ਆਧਾਰ 'ਤੇ 10 ਅੰਕਾਂ ਦੇ ਵਸਤੂ-ਨਿਸ਼ਠ ਪ੍ਰਸ਼ਨ ਪੁੱਛੇ ਜਾਣਗੇ।ਇਹ ਪ੍ਰਸ਼ਨ ਬਹੁ-ਚੋਣ, ਠੀਕ/ਗਲਤ, ਖ਼ਾਲੀ ਥਾਂਵਾਂ ਜਾਂ ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰ ਦੇਣ ਵਾਲੇ ਹੋਣਗੇ। ਅੰਕਾਂ ਦੀ ਵੰਡ ਹੇਠ ਲਿਖੇ ਅਨੁਸਾਰ ਹੋਵੇਗੀ :**

**ਆਧੁਨਿਕ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ) ਭਾਗ-1**

**(ੳ) ਆਧੁਨਿਕ-ਕਾਵਿ: 4 ਅੰਕ (ਦੋ ਪ੍ਰਸ਼ਨ ਰਚਨਾ ਦਾ ਕਵੀ ਜਾਂ ਕਵੀ ਦੀ ਰਚਨਾ ਨਾਲ ਸੰਬੰਧਿਤ, ਦੋ ਪ੍ਰਸ਼ਨ ਪਾਠ- ਸਮਗਰੀ 'ਤੇ ਆਧਾਰਿਤ ਹੋਣਗੇ।**

**(ਅ) ਅੱਖੀਂ ਡਿੱਠੀ ਦੁਨੀਆਂ: 2 ਅੰਕ (ਇੱਕ ਪ੍ਰਸ਼ਨ ਸਫ਼ਰਨਾਮਾ-ਅੰਸ਼ ਦੇ ਲੇਖਕ/ਲੇਖਕ ਰਚਿਤ ਸਫ਼ਰਨਾਮਾ-ਅੰਸ਼ ਨਾਲ ਸੰਬੰਧਿਤ, ਦੂਜਾ ਪ੍ਰਸ਼ਨ ਸਫ਼ਰਨਾਮਾ-ਅੰਸ਼ਾਂ ਦੀ ਪਾਠ -ਸਮਗਰੀ 'ਤੇ ਆਧਾਰਿਤ ਹੋਵੇਗਾ।**

**(ੲ) ਭਾਸ਼ਾ-ਬੋਧ: 4 ਅੰਕ**

Scanned with CamScanner

– ਇੱਕ ਪ੍ਰਸ਼ਨ ਭਾਸ਼ਾ ਦੀ ਬਣਤਰ ਜਾਂ ਵਿਸ਼ੇਸ਼ਤਾਵਾਂ ਭਾਸ਼ਾ ਦੇ ਮਹੱਤਵ ਨਾਲ਼ ਸੰਬੰਧਿਤ।
– ਇੱਕ ਪ੍ਰਸ਼ਨ ਗੁਰਮੁਖੀ ਲਿਪੀ ਨਾਲ ਸੰਬੰਧਿਤ।
– ਦੋ ਪ੍ਰਸ਼ਨ ਉਪਭਾਸ਼ਾਈ ਸ਼ਬਦਾਵਲੀ ਨਾਲ ਸੰਬੰਧਿਤ ਹੋਣਗੇ। 10x1=10 ਅੰਕ

ਪ੍ਰਸ਼ਨ ਨੰ:2 ਆਧੁਨਿਕ ਪੰਜਾਬੀ–ਕਾਵਿ (ਝਲਕਾਂ ਤੇ ਇਤਿਹਾਸ) ਪਾਠ–ਪੁਸਤਕ ਦੇ ਆਧੁਨਿਕ–ਕਾਵਿ ਵਿੱਚੋਂ ਚਾਰ ਬੰਦ ਦੇ ਕੇ ਕਿਸੇ ਦੋ ਦੀ ਪ੍ਰਸੰਗ ਸਹਿਤ ਵਿਆਖਿਆ ਕਰਨ ਲਈ ਕਿਹਾ ਜਾਵੇਗਾ।

**(ਹਰੇਕ ਵਿੱਚ 2 ਅੰਕ ਪ੍ਰਸੰਗ ਦੇ ਅਤੇ 3 ਅੰਕ ਵਿਆਖਿਆ ਦੇ ਹੋਣਗੇ) 5+5=10 ਅੰਕ**

ਪ੍ਰਸ਼ਨ ਨੰ:3 ਆਧੁਨਿਕ ਪੰਜਾਬੀ–ਕਾਵਿ (ਝਲਕਾਂ ਤੇ ਇਤਿਹਾਸ) ਪਾਠ–ਪੁਸਤਕ ਵਿੱਚੋਂ ਕੋਈ ਦੋ ਰਚਨਾਵਾਂ ਦਾ ਸਿਰਲੇਖ ਅਤੇ ਕਵੀ ਦਾ ਨਾਂ ਦੇ ਕੇ ਕਿਸੇ ਇੱਕ ਦਾ ਕੇਂਦਰੀ ਭਾਵ ਲਿਖਣ ਲਈ ਕਿਹਾ ਜਾਵੇਗਾ। 4 ਅੰਕ

ਪ੍ਰਸ਼ਨ ਨੰ: 4 'ਆਧੁਨਿਕ ਪੰਜਾਬੀ–ਕਾਵਿ (ਝਲਕਾਂ ਤੇ ਇਤਿਹਾਸ) ਪਾਠ–ਪੁਸਤਕ ਦੇ "ਪੰਜਾਬੀ ਕਵਿਤਾ ਦਾ ਸੰਖੇਪ ਇਤਿਹਾਸ ਭਾਗ ਵਿੱਚੋਂ ਕੋਈ ਤਿੰਨ ਪ੍ਰਸ਼ਨ ਦੇ ਕੇ ਕਿਸੇ ਇੱਕ ਦਾ ਉੱਤਰ ਲਿਖਣ ਲਈ ਕਿਹਾ ਜਾਵੇਗਾ। 9 ਅੰਕ

ਪ੍ਰਸ਼ਨ ਨੰ: 5 ਅੱਖੀਂ ਡਿੱਠੀ ਦੁਨੀਆਂ ਪਾਠ–ਪੁਸਤਕ ਵਿੱਚੋਂ ਛੋਟੇ ਉੱਤਰਾਂ ਵਾਲੇ ਚਾਰ ਪ੍ਰਸ਼ਨ ਪੁੱਛ ਕੇ ਕਿਸੇ ਦੋ ਦਾ ਉੱਤਰ ਲਿਖਣ ਲਈ ਕਿਹਾ ਜਾਵੇਗਾ। 4+4=8 ਅੰਕ

ਪ੍ਰਸ਼ਨ ਨੰ: 6 ਅੱਖੀਂ ਡਿੱਠੀ ਦੁਨੀਆਂ ਪਾਠ–ਪੁਸਤਕ ਵਿੱਚੋਂ ਤਿੰਨ ਸਫ਼ਰਨਾਮਾ–ਅੰਸ਼ ਦੇ ਕੇ ਕਿਸੇ ਇੱਕ ਦਾ ਸਾਰ ਲਿਖਣ ਲਈ ਕਿਹਾ ਜਾਵੇਗਾ। 7 ਅੰਕ

ਪ੍ਰਸ਼ਨ ਨੰ: 7 'ਭਾਸ਼ਾ–ਬੋਧ' ਪਾਠ–ਪੁਸਤਕ 'ਤੇ ਆਧਾਰਿਤ, ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿਪੀ ਨਾਲ ਸੰਬੰਧਿਤ 6 ਪ੍ਰਸ਼ਨ ਪੁੱਛ ਕੇ ਕਿਸੇ ਤਿੰਨ ਦਾ ਉੱਤਰ ਲਿਖਣ ਲਈ ਕਿਹਾ ਜਾਵੇਗਾ। 4+4+4=12 ਅੰਕ

ਪ੍ਰਸ਼ਨ ਨੰ: 8 'ਭਾਸ਼ਾ–ਬੋਧ ਪਾਠ–ਪੁਸਤਕ ਵਿੱਚ ਦਿੱਤੀਆਂ ਪੰਜਾਬੀ ਦੀਆਂ ਉਪਭਾਸ਼ਾਵਾਂ ਦੀ ਸ਼ਬਦਾਵਲੀ 'ਤੇ ਆਧਾਰਿਤ ਹੇਠ ਲਿਖੇ ਅਨੁਸਾਰ ਪ੍ਰਸ਼ਨ ਪੁੱਛੇ ਜਾਣਗੇ

(ੳ) ਉਪਭਾਸ਼ਾਈ ਅੱਠ ਸ਼ਬਦ ਦੇ ਕੇ ਉਹਨਾਂ ਵਿੱਚੋਂ ਕਿਸੇ ਪੰਜ ਦਾ ਟਕਸਾਲੀ ਪੰਜਾਬੀ ਵਿੱਚ ਰੂਪਾਂਤਰ ਕਰਨ ਲਈ ਕਿਹਾ ਜਾਵੇਗਾ।

(ਅ) ਟਕਸਾਲੀ ਪੰਜਾਬੀ ਦੇ ਅੱਠ ਸ਼ਬਦ ਦੇ ਕੇ ਕਿਸੇ ਪੰਜ ਦਾ ਉਪਭਾਸ਼ਾ ਵਿੱਚ ਮਿਲਦਾ ਰੂਪ ਪੁੱਛਿਆ ਜਾਵੇਗਾ।

**(ੲ) ਕੋਈ ਦੋ ਉਪ-ਭਾਸ਼ਾਈ ਰੂਪ ਦੇ ਕੇ ਕਿਸੇ ਇੱਕ ਉਪ-ਭਾਸ਼ਾ 'ਤੇ ਉਦਾਹਰਨਾ ਸਹਿਤ ਸੰਖੇਪ ਨੋਟ ਲਿਖਣ ਲਈ ਕਿਹਾ ਜਾਵੇਗਾ।** 5+5+5=15 ਅੰਕ

# ਆਂਤਰਿਕ ਮੁਲਾਂਕਣ: 20 ਅੰਕ

**ਆਂਤਰਿਕ ਮੁਲਾਂਕਣ ਦੀਆਂ ਹਿਦਾਇਤਾਂ ਅਤੇ ਅੰਕ-ਵੰਡ**

| ਲੜੀ ਨੰ. | ਆਂਤਰਿਕ ਮੁਲਾਂਕਣ ਦੀ ਰੂਪ-ਰੇਖਾ | ਅੰਕ |
|---|---|---|
| 1. | **ਪ੍ਰੋਜੈਕਟ:**<br>**ਅੱਖੀਂ ਡਿੱਠੀ ਦੁਨੀਆਂ** ਪੁਸਤਕ ਵਿੱਚੋਂ ਵੱਖ-ਵੱਖ ਸਵੈ-ਜੀਵਨੀ ਅੰਸ਼ਾਂ ਦੀ ਵਿਸ਼ਾ-ਸਮੱਗਰੀ ਨਾਲ ਸੰਬੰਧਿਤ ਹੇਠ ਲਿਖੇ ਪ੍ਰੋਜੈਕਟ ਬਣਾ ਕੇ ਸੰਬੰਧਿਤ ਵਿਸ਼ਾ-ਅਧਿਆਪਕ ਕੋਲ ਮੁਲਾਂਕਣ ਲਈ ਜਮ੍ਹਾਂ ਕਰਵਾਏ ਜਾਣਗੇ:<br>1. 02 ਚਾਰਟ<br>2. 01 ਸਕਰੈਪ ਬੁੱਕ (ਸੰਬੰਧਿਤ ਵਿਸ਼ੇ ਨਾਲ ਸੰਬੰਧਿਤ ਤਸਵੀਰਾਂ ਆਦਿ ਦੀ ਸਮੱਗਰੀ ਵਾਲੀ)<br>3. 01 ਮਾਡਲ ਦਾ ਨਿਰਮਾਣ | **10 ਅੰਕ(2+4+4)**<br>2 ਅੰਕ<br>4 ਅੰਕ<br>4 ਅੰਕ |
| 2. | **ਭਾਸ਼ਾਈ ਸਮਰਥਾ** (ਸ਼ੁੱਧ ਉਚਾਰਨ/ਬੋਲਣ-ਯੋਗਤਾ):<br>**ਆਧੁਨਿਕ ਪੰਜਾਬੀ–ਕਾਵਿ (ਝਲਕਾਂ ਤੇ ਇਤਿਹਾਸ)** ਦੇ ਕਾਵਿ-ਅੰਸ਼ਾਂ ਦੇ ਆਧਾਰ 'ਤੇ ਮੁਲਾਂਕਣ ਕੀਤਾ ਜਾਵੇਗਾ। | 03 ਅੰਕ |
| 3. | **ਭਾਸ਼ਾਈ ਸਮਰਥਾ** (ਸਰਵਣ/ਸੁਣਨ-ਯੋਗਤਾ): | 02 |

Scanned with CamScanner

| | | |
|---|---|---|
| | **ਆਧੁਨਿਕ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ)** ਦੇ ਕਾਵਿ-ਅੰਸ਼ਾਂ ਦੇ ਆਧਾਰ 'ਤੇ ਮੁਲਾਂਕਣ ਕੀਤਾ ਜਾਵੇਗਾ। | |
| 4. | **ਭਾਸ਼ਾਈ ਸਮਰੱਥਾ** (ਸ਼ੁੱਧ ਪੜ੍ਹਨ-ਯੋਗਤਾ):<br>**ਆਧੁਨਿਕ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ)** ਦੇ ਕਾਵਿ-ਅੰਸ਼ਾਂ ਦੇ ਆਧਾਰ 'ਤੇ ਮੁਲਾਂਕਣ ਕੀਤਾ ਜਾਵੇਗਾ। | 03 |
| 5. | **ਪੁਸਤਕ ਬੈਂਕ/ਬੁੱਕ-ਬੈਂਕ:**<br>ਸੰਬੰਧਿਤ ਵਿਸ਼ੇ ਦੀਆਂ ਪੁਸਤਕਾਂ ਦੇ ਬੁੱਕ-ਬੈਂਕ ਵਿੱਚ ਯੋਗਦਾਨ ਪਾਉਣ ਅਤੇ ਉਹਨਾਂ ਦੀ ਸਾਂਭ-ਸੰਭਾਲ ਵਿੱਚ ਕਿਰਿਆਸ਼ੀਲ ਭੂਮਿਕਾ ਨਿਭਾਉਣ ਦੇ ਆਧਾਰ 'ਤੇ ਇਹ ਅੰਕ ਸੰਬੰਧਿਤ ਵਿਸ਼ਾ-ਅਧਿਆਪਕ ਵੱਲੋਂ ਦਿੱਤੇ ਜਾਣਗੇ। | 02 |
| | | |
| | ਕੁੱਲ ਅੰਕ | 20 |

# ਪੰਜਾਬ ਸਕੂਲ ਸਿੱਖਿਆ ਬੋਰਡ

**ਵਿਸ਼ਾ: ਅਕਾਦਮਿਕ ਸਾਲ 2020-21 ਲਈ 9ਵੀਂ ਤੋ 12ਵੀਂ ਸ਼੍ਰੇਣੀ ਲਈ Revised ਸਿਲੇਬਸ।**

ਵਿਸ਼ਵ ਭਰ ਵਿੱਚ Covid-19 ਮਹਾਂਮਾਰੀ ਦੇ ਮੱਦੇ ਨਜ਼ਰ ਸਕੂਲ ਬੰਦ ਹੋਣ ਕਾਰਨ ਵੱਖ-ਵੱਖ ਸ਼੍ਰੇਣੀਆਂ ਦੀ ਪੜ੍ਹਾਈ ਦਾ ਬਹੁਤ ਨੁਕਸਾਨ ਹੋਇਆ ਹੈ। ਇਸ ਕਰਕੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋ ਅਕਾਦਮਿਕ ਸਾਲ 2020-21 ਲਈ 9ਵੀਂ ਤੋ 12ਵੀਂ ਸ਼੍ਰੇਣੀਆਂ ਦੇ ਪਾਠਕ੍ਰਮ ਨੂੰ ਘਟਾਉਣ ਦਾ ਫੈਸਲਾ ਲਿਆ ਗਿਆ ਹੈ। ਸਿੱਖਣ ਪੱਧਰ ਦੀ ਮਹੱਤਤਾ ਨੂੰ ਮੁੱਖ ਰੱਖਦੇ ਹੋਏ ਸਿਲੇਬਸ ਇਸ ਢੰਗ ਨਾਲ ਘਟਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਵਿਸ਼ੇ ਦੇ ਮੂਲ ਸੰਕਲਪ ਨੂੰ ਹਾਨੀ ਨਾ ਪਹੁੰਚੇ।

ਸਕੂਲ ਮੁਖੀਆਂ ਅਤੇ ਅਧਿਆਪਕਾਂ ਵੱਲੋ ਇਸ ਗੱਲ ਦਾ ਖਾਸ ਧਿਆਨ ਰੱਖਿਆ ਜਾਵੇ ਕਿ ਦੂਜੇ Topics ਨਾਲ ਰਾਬਤਾ ਰੱਖਣ ਲਈ ਲੋੜ ਅਨੁਸਾਰ ਵਿਦਿਆਰਥੀਆਂ ਨੂੰ ਘਟਾਏ ਗਏ Topics ਨੂੰ ਵੀ ਪੜ੍ਹਾਇਆ ਜਾਣਾ ਉਚਿਤ ਹੋਵੇਗਾ, ਬੇਸ਼ੱਕ ਇਹ Topics ਆਂਤਰਿਕ ਮੁਲਾਂਕਣ ਅਤੇ ਸਾਲਾਨਾ ਇਮਤਿਹਾਨਾਂ ਦਾ ਹਿੱਸਾ ਨਹੀਂ ਹੋਣਗੇ।

ਘਟਾਏ ਗਏ ਸਲੇਬਸ ਦਾ ਵੇਰਵਾ ਹੇਠਾਂ ਦਿੱਤਾ ਗਿਆ ਹੈ।

## ਜਮਾਤ ਗਿਆਰ੍ਹਵੀਂ

## ਪੰਜਾਬੀ ਚੋਣਵੀਂ

## ਪਾਠ-ਕ੍ਰਮ

| ਲੜੀ ਨੰ: | ਪਾਠ-ਕ੍ਰਮ ਵਿੱਚੋਂ ਡਿਲੀਟ (ਮਨਫ਼ੀ ) ਕੀਤੇ ਵਿਸ਼ੇ |
|---|---|
| 1. | ਪੰਜਾਬੀ-ਕਾਵਿ:- ਆਧੁਨਿਕ-ਕਾਵਿ ( **ਸੰਤ ਰਾਮ ਉਦਾਸੀ,ਜੋਗਾ ਸਿੰਘ,ਅਮਰਜੀਤ ਚੰਦਨ,ਜਸਵੰਤ ਦੀਦ,ਸਰਬਜੀਤ ਬੇਦੀ,ਗੁਰਪ੍ਰੀਤ ਕਵੀਆਂ ਦੀ ਰਚਨਾ** ) |
| 2. | ਪੰਜਾਬੀ ਵਾਰਤਕ (ਅੱਖੀਂ ਡਿੱਠੀ ਦੁਨੀਆਂ) :- ਸਫ਼ਰਨਾਮਾ-ਅੰਸ਼ (**ਜੰਗਲਾਂ ਦੇ ਵਸਨੀਕ,ਨੈਸ਼ਨਲ ਕੌਮੀ ਪਾਰਕ, ਅਮਰੀਕਾ ਵਿੱਚ ਸੜਕਾਂ 'ਤੇ ਚੱਲਣ ਦਾ ਸੁਚੱਜ,ਸਾਵੇ ਮੱਘ ਤੇ ਪੌਂਗ ਡੈਮ** ) |
| 3. | ਭਾਸ਼ਾ -ਬੋਧ :**ਗੁਰਮੁਖੀ ਲਿਪੀ ਦੀ ਬਣਤਰ।** |

ਨਿਰਧਾਰਿਤ ਪਾਠ-ਪੁਸਤਕਾਂ:

1. ਆਧੁਨਿਕ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ)
2. ਅੱਖੀਂ ਡਿੱਠੀ ਦੁਨੀਆਂ
3. ਭਾਸ਼ਾ -ਬੋਧ

ਪ੍ਰਕਾਸ਼ਕ: ਪੰਜਾਬ ਸਕੂਲ ਸਿੱਖਿਆ ਬੋਰਡ।

Scanned with CamScanner